*Journal of Advances and Scholarly Researches in Allied Education*
*Vol. 12, Issue No. 2, January-2017, ISSN 2230-7540*

# ਦੇਵ ਦੀ ਕਵਿਤਾ ਵਿਚ ਮਾਨਵਵਾਦੀ ਸੰਵੇਦਨਾ

**Jagjeet Kaur[1]* Dr. Kanta[2]**

[1] Research Scholar, OPJS University, Churu, Rajasthan, India

[2] Associate Professor, OPJS University, Churu, Rajasthan, India

***ਸਾਰ** – ਮਾਨਵ ਦੇ ਹਿੱਤਾਂ ਦੀ ਰੱਖਵਾਲੀ ਹੀ ਮਾਨਵਵਾਦ ਹੈ। ਮਾਨਵਵਾਦ ਮਾਨਵ ਨੂੰ ਹੀ ਸਾਰੀਆਂ ਚੀਜਾਂ ਦਾ ਕੇਂਦਰ-ਬਿੰਦੂ ਬਣਾਉਂਦਾ ਹੈ। ਅਜੋਕੀ ਮਾਨਵੀ ਸੰਵੇਦਨਾ 'ਸਵੈ' ਤੱਕ ਹੀ ਸੀਮਿਤ ਹੋ ਕੇ ਰਹਿ ਗਈ ਹੈ। ਸਮਾਜ ਦੀ ਭਲਾਈ ਬਾਰੇ ਉਹ ਬਿਲਕੁਲ ਨਹੀਂ ਸੋਚਦੀ। ਅਜਿਹੀ ਬਿਰਤੀ ਨੂੰ ਸਾਹਿਤਕਾਰ ਆਪਣੇ ਸਾਹਿਤ ਵਿਚ ਪੇਸ਼ ਕਰਕੇ ਮਨੁੱਖ ਨੂੰ ਮੁੜ ਮਨੁੱਖ ਬਣਨ ਵੱਲ ਪ੍ਰੇਰਦਾ ਹੈ ਅਤੇ ਪਸ਼ੂ ਬਿਰਤੀ ਨੂੰ ਤਿਆਗਣ ਲਈ ਕਹਿੰਦਾ ਹੈ। ਇਹੀ ਮਾਨਵਵਾਦ ਦੇਵ ਦੀ ਕਵਿਤਾ ਵਿਚਲੀ ਕਾਵਿ ਸੰਵੇਦਨਾ ਦਾ ਮੁੱਖ ਅੰਗ ਹੈ, ਇਸੀ ਧਾਰਨਾ ਨਾਲ ਕਵੀ ਅਜੋਕੇ ਮਨੁੱਖ ਦੀ ਨਿੱਜਵਾਦੀ ਸੋਚ, ਪੰਜਾਬ ਜਾਂ ਭਾਰਤ, ਵਿਸ਼ਵੀਕਰਨ, ਧਰਮ ਅਤੇ ਰਾਜਨੀਤੀ ਤੋਂ ਸੰਬੰਧਿਤ ਕਵਿਤਾਵਾਂ ਦੀ ਸਿਰਜਣਾ ਕਰਦਾ ਹੈ। ਦੇਵ ਦੀ ਕਵਿਤਾ ਵਿਚ ਪੇਸ਼ ਹੋਈ ਨਿੱਜਵਾਦੀ ਸੋਚ ਪਿੱਛੇ ਮਸ਼ੀਨੀ ਯੁੱਗ ਦਾ ਬਹੁਤ ਵੱਡਾ ਹੱਥ ਹੈ। ਦੁਨੀਆ ਵਿਚ ਐਸਾ ਮਾਹੌਲ ਪੈਦਾ ਹੋ ਚੁੱਕਾ ਹੈ ਕਿ ਮਨੁੱਖ ਮਸ਼ੀਨੀ ਯੁੱਗ ਵਿਚ ਮਸ਼ੀਨੀ ਅੰਕੜੇ ਬਣ ਕੇ ਰਹਿ ਗਏ ਹਨ। ਉਨ੍ਹਾਂ ਦਾ ਜੀਵਨ ਮਨ ਵਿਚਲੀ ਖੁਸ਼ੀ ਦੀ ਥਾਂ ਪੇਟ ਦੀ ਭੁੱਖ ਨੂੰ ਮਿਟਾਉਣ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਕਵੀ ਇਸੇ ਬਿਰਤੀ ਨੂੰ ਆਪਣੀ ਕਵਿਤਾ 'ਚੇਤਿਆਂ 'ਚ ਉਲਝਿਆ ਪਰਛਾਵਾਂ' ਵਿਚ ਪੇਸ਼ ਕਰਦਾ ਹੈ ਜਿਸ ਵਿਚ ਉਹ ਇਸ ਮਸ਼ੀਨ ਦਾ ਰੂਪ ਧਾਰਨ ਕਰਦੇ ਜਾ ਰਹੇ ਮਨੁੱਖ ਨੂੰ ਕਬੂਲ ਕਰਨ ਤੋਂ ਇਨਕਾਰ ਕਰਦਾ ਹੈ ਅਤੇ ਨਾਲ ਹੀ ਮਨੁੱਖ ਵਿਚੋਂ ਮਾਨਵੀ ਰਿਸ਼ਤਿਆਂ ਪ੍ਰਤਿ ਸੰਵੇਦਨਾ ਨੂੰ ਭਾਲਦਾ ਹੈ ਜਿਸਨੂੰ ਉਹ ਹਰ ਮਨੁੱਖ ਅੰਦਰ ਪੈਦਾ ਕਰਨ ਦੀ ਇੱਛਾ ਰੱਖਦਾ ਹੈ :*

*"ਚਾਨਣ, ਅੱਗ ਸੂਰਜ*

*ਮੈਂ ਹਾਂ ਯੁੱਗਾਂ ਜਿੱਡੀ ਪੀੜਾ ਪੱਥਰ ਚੋਂ ਜਾਗੀ*

*ਪੁਲਾੜਾਂ ਨੂੰ ਜਾ ਰਹੀ*

*ਮੇਰੇ ਪਿੰਡੇ 'ਚ ਤਿੱਖੀ ਚੁੱਪ*

*ਤੇ ਆਪਣੀ ਹੀ ਆਵਾਜ਼ ਤੋਂ ਸਹਿਮਿਆ ਹੋਇਆ*

*ਮੈਨੂੰ ਪੁਰਜ਼ੇ ਤੇ ਤਲਬ ਨਹੀਂ ਚਾਹੀਦੇ*

*ਅਬਾਦੀਆਂ 'ਚ ਮੇਰਾ ਰਿਸ਼ਤਾ ਗੁਆਚ ਗਿਆ ਹੈ*

*ਮੈਨੂੰ ਮੇਰਾ ਰਿਸ਼ਤਾ ਚਾਹੀਦਾ ਹੈ।"[1]*

---------------------------------x---------------------------------

ਇਸ ਤਰ੍ਹਾਂ ਪੂੰਜੀਵਾਦੀ ਸਮਾਜ ਵਿਚ ਵਿਅਕਤੀਵਾਦ ਦੀ ਜਿਹੜੀ ਪ੍ਰਵਿਰਤੀ ਉੱਭਰ ਕੇ ਸਾਹਮਣੇ ਆਈ ਹੈ ਉਸ ਸਦਕਾ ਅਜੋਕਾ ਮਨੁੱਖ ਅਵਿਸ਼ਵਾਸਨੀਯ, ਸੁਆਰਥੀ, ਬਦਨੀਅਤ ਅਤੇ ਮੌਕਾਪ੍ਰਸਤੀ ਵਾਲੇ ਚਰਿੱਤਰ ਦਾ ਧਾਰਨੀ ਬਣ ਗਿਆ ਹੈ। ਅਜਿਹਾ ਮਨੁੱਖ ਆਪਣੇ ਜੀਵਨ ਨੂੰ ਸੁਖਦ ਬਣਾਉਣ ਲਈ ਦੂਜੇ ਮਨੁੱਖ ਦਾ ਘਾਣ ਕਰਨ ਲਈ ਸਦਾ ਤਿਆਰ-ਬਰ-ਤਿਆਰ ਰਹਿੰਦਾ ਹੈ। ਮਿਸਾਲ ਵਜੋਂ ਬਾਜ਼ ਦੇ ਦੋਵੇਂ ਬੱਚਿਆਂ ਵਿਚੋਂ ਤਕੜਾ ਬੱਚਾ ਆਪਣੇ ਆਪ ਨੂੰ ਜਿੰਦਾ ਰੱਖਣ ਲਈ ਦੂਜੇ ਬੱਚੇ ਨੂੰ ਠੂੰਗੇ ਮਾਰ-ਮਾਰ ਕੇ ਮਾਰ ਦਿੰਦਾ ਹੈ। ਬਿਲਕੁਲ ਇਸੇ ਜੰਗਲੀ ਮਾਨਸਿਕਤਾ ਦਾ ਧਾਰਨੀ ਅਜੋਕਾ ਮਨੁੱਖ ਬਣ ਗਿਆ ਹੈ। ਦੇਵ ਆਪਣੀ ਕਵਿਤਾ '**ਕਾਲੇ ਗੁਲਾਬ**' ਵਿਚ ਅਜੋਕੇ

ਮਨੁੱਖ ਦੇ ਇਸੇ ਅਵਿਸ਼ਵਾਸੀ ਅਤੇ ਧੋਖੇਬਾਜ਼ੀ ਚਰਿੱਤਰ ਨੂੰ ਇਉਂ ਪੇਸ਼ ਕਰਦਾ ਹੈ : "ਤੂੰ ਨੰਗੇ ਹੱਥੀ ਕਿਸ ਨੂੰ ਮਿਲਣ ਆਇਆ ਏਂ

ਏਥੇ ਅੱਜ-ਕਲ੍ਹ "ਹੱਥ" ਨਹੀਂ ਦਸਤਾਨੇ ਮਿਲਦੇ ਨੇ।"[2]

ਦੇਵ ਦੀ ਕਵਿਤਾ ਵਿਚਲਾ ਮਾਨਵਵਾਦ **ਪੰਜਾਬ** ਤੋਂ ਸੰਬੰਧਿਤ ਕਵਿਤਾਵਾਂ ਵਿਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਪੰਜਾਬ ਸੰਕਟ ਪੰਜਾਬੀ ਕਵਿਤਾ ਵਿਚ ਮਹੱਤਵਪੂਰਨ ਅੰਗ ਵਜੋਂ ਪੇਸ਼ ਹੋਇਆ ਹੈ :

"ਸਮਕਾਲੀ ਪੰਜਾਬੀ ਕਵਿਤਾ ਦਾ ਇਕ ਮੁੱਖ ਸਰੋਕਾਰ ਪੰਜਾਬ ਸੰਕਟ ਤੇ ਇਸ ਤੋਂ ਉਤਪੰਨ ਫਿਰਕੂ ਖੂੰਖਾਰ ਸਥਿਤੀ ਬਾਰੇ ਹੈ। ਪੰਜਾਬ ਦੀ ਇਸ ਭਿਆਨਕ ਤ੍ਰਾਸਦੀ ਨੇ ਸਮੁੱਚੀ ਜ਼ਿੰਦਗੀ ਦੇ ਹਰੇਕ ਪਹਿਲੂ ਨੂੰ ਇੰਨੀ ਬੁਰੀ ਤਰ੍ਹਾਂ ਨਪੀੜਿਆ, ਜ਼ਖ਼ਮੀ ਕੀਤਾ ਕਿ ਲਗਪਗ ਹਰੇਕ ਪੀੜ੍ਹੀ ਦਾ ਹਰੇਕ ਕਵੀ ਇਸ ਸਥਿਤੀ ਨੂੰ ਮੁਖ਼ਾਤਿਬ ਹੋਇਆ ਹੈ – ਬਜ਼ੁਰਗ ਪੀੜ੍ਹੀ ਤੋਂ ਲੈ ਕੇ ਕਲਮ ਚੁੱਕ ਰਹੇ ਨਵੇਂ ਪੋਚ ਦੇ ਕਵੀਆਂ ਤੀਕ। ਆਕਾਰ ਪੱਖੋਂ ਵੀ ਇਹ ਕਾਵਿ ਕਾਫ਼ੀ ਹੈ। ਮੁੱਖ ਤੌਰ ਤੇ ਅਜੋਕੀ ਸੰਕਟ ਸਥਿਤੀ ਵਿਚ ਮੌਤ ਤੇ ਕਤਲੋਗਾਰਤ ਦਾ ਖ਼ੌਫ਼, ਦਰਦ ਅਤੇ ਚਿੰਤਾ ਹੀ ਮੁੱਖ ਸੁਰ ਬਣੇ ਹਨ। ਕਾਬਜ਼ ਸਰਕਾਰੀ ਧਿਰ ਦੀ ਜ਼ਾਲਮਾਨਾ, ਮੌਕਾਪ੍ਰਸਤ ਰਾਜਨੀਤੀ ਅਤੇ ਅੰਨ੍ਹੀ ਕਤਲੋਗਾਰਤ ਕਰ ਰਹੀਆਂ ਦੋਹਾਂ ਧਿਰਾਂ ਨੂੰ ਪੰਜਾਬੀ ਕਵੀਆਂ ਨੇ ਨਕਾਰਿਆ ਹੈ। ਭਾਵੇਂ ਵਧੇਰੇ ਕਵਿਤਾ ਮਹਿਜ਼ ਵਰਣਨ ਦੀ ਸੀਮਾ ਤੱਕ

www.ignited.in

ਮਹਿਦੂਦ ਹੈ ਪਰ ਕੁਝ ਇਕ ਕਵੀਆਂ ਨੇ ਪੰਜਾਬ ਦੇ ਇਸ ਸੰਤਾਪ ਦੀਆਂ ਮਹੀਨ ਪਰਤਾਂ ਨੂੰ ਕਲਾਤਮਕ ਜ਼ੁਬਾਨ ਦਿੱਤੀ ਹੈ...ਪਰ ਬਹੁਤੇ ਸ਼ਾਇਰ ਇਸ ਸਥਿਤੀ ਦਾ ਉਪ-ਭਾਵੁਕ ਪ੍ਰਗਟਾਅ ਹੀ ਕਰਦੇ ਹਨ।"[3]

ਪਰ ਦੇਵ ਦੀ ਮਾਨਵਵਾਦੀ ਸੋਚ ਪੰਜਾਬ ਤੋਂ ਸੰਬੰਧਿਤ ਕਵਿਤਾਵਾਂ **ਭਾਵੁਕਤਾ ਦੀ ਥਾਂ ਚਿੰਤਨ ਨੂੰ** ਪੇਸ਼ ਕਰਦੀਆਂ ਹਨ। ਕਵੀ ਭਾਵੇਂ **ਦੇਸ਼ ਵੰਡ** ਹੋਣ ਸਮੇਂ ਪੰਜਾਬ ਦੇ ਵਾਸੀਆਂ ਨੂੰ ਹੋਏ ਦਰਦ ਦੀ ਗੱਲ ਕਰ ਰਿਹਾ ਹੋਵੇ ਜਾਂ **ਪੰਜਾਬ** ਅਤੇ **ਦਿੱਲੀ** ਵਿਚ ਹੋਏ 1984 ਦੇ ਦੰਗਿਆਂ ਵਿਚ ਪੰਜਾਬੀਆਂ/ਸਿੱਖਾਂ 'ਤੇ ਹੋਏ ਜ਼ੁਲਮਾਂ ਦੀ ਗੱਲ ਕਰ ਰਿਹਾ ਹੋਵੇ, ਉਸ ਨੂੰ ਬੜੇ ਵਿਅੰਗਮਈ, ਚੇਤੰਨ ਦ੍ਰਿਸ਼ਟੀ ਅਤੇ ਗੰਭੀਰ ਬੌਧਿਕਤਾ ਨਾਲ ਬਿਆਨਦਾ ਹੈ। **ਡਾ. ਜਸਪਾਲ ਕੌਰ ਕਾਂਗ** ਦੇਵ ਦੀ ਪੰਜਾਬ ਤੋਂ ਸੰਬੰਧਿਤ ਕਵਿਤਾਵਾਂ ਵਿਚ ਪੇਸ਼ ਹੋਏ ਇਸੇ ਦ੍ਰਿਸ਼ਟੀਕੋਣ ਬਾਰੇ ਇਉਂ

ਲਿਖਦੀ ਹੈ :

"ਸ਼ਾਇਰ (ਦੇਵ) ਜਦੋਂ ਆਪਣੀ ਜੜ੍ਹ-ਭੂਮੀ ਤੇ ਹੋਣ ਵਾਲੀ ਕਿਸੇ ਵੀ ਤਬਦੀਲੀ/ਘਟਨਾ ਨੂੰ ਮਹਿਸੂਸਦਾ ਹੈ ਤਾਂ ਉਹ ਉਨ੍ਹਾਂ ਪੱਖਾਂ ਨੂੰ ਉਘਾੜਦਾ ਹੈ ਜਿਨ੍ਹਾਂ ਸਦਕਾ ਇਹ ਘਟਨਾ ਵਾਪਰੀ। ਜਿਵੇਂ 1984 ਦੇ ਦੰਗਿਆਂ ਦੀ ਜਾਂ ਪੰਜਾਬ ਦੇ ਨੀਲਾ ਤਾਰਾ ਸਾਕਾ ਸਮੇਂ ਉਹ ਇਨ੍ਹਾਂ ਘਟਨਾਵਾਂ ਦੇ ਦਰਦ/ਅੰਜਾਮ ਨੂੰ ਉੱਚੇ ਸੁਰ ਵਿਚ ਤੇ ਸਹਿਜ ਨਾਲ ਕਹਿ ਜਾਂਦਾ ਹੈ। ਕਦੀ ਕਦੀ ਉਹ

1947 ਦੀ ਦੇਸ਼ ਵੰਡ ਕਾਰਨ ਹੋਈ ਦੁਫਾੜ ਮਾਨਸਿਕਤਾ ਨੂੰ ਵੀ ਚਿੱਤਰਦਾ ਹੈ। ਉਦੋਂ ਉਸ ਦੀ

ਨੀਝ ਪੰਜਾਬ ਦੀ ਹਰ ਘਟਨਾ/ਸਥਿਤੀ ਦੇ ਕਾਰਨਾਂ ਨੂੰ ਫਰੋਲਣ ਤੇ ਟਿਕੀ ਹੁੰਦੀ ਹੈ। ਫਲਸਰੂਪ ਲੋਕਾਈ ਦੀਆਂ ਦਰਦਨਾਕ ਤਸਵੀਰਾਂ ਨੂੰ ਭਾਵੁਕਤਾ ਨਾਲ ਨਹੀਂ ਸਗੋਂ ਚੇਤੰਨ/ਗੰਭੀਰ ਬੌਧਿਕਤਾ ਦੇ ਸਾਹਵੇਂ ਖਲ੍ਹਾਰਦਾ ਹੈ। ਅੰਗਰੇਜ਼ ਹਕੂਮਤ ਦੀ ਗ਼ੁਲਾਮੀ, 1947 ਦੀ ਦੇਸ਼ ਵੰਡ ਤੇ 1984 ਦੇ ਕਤਲੇਆਮ ਦੀਆਂ ਘਟਨਾਵਾਂ ਦਾ ਉਸ ਦੀਆਂ ਰਚਨਾਵਾਂ ਵਿਚ ਚਿਹਨਕੀ ਸ਼ਕਲ ਵਿਚ ਦਾਖਲਾ ਹੈ। ਉਹ ਇਨ੍ਹਾਂ ਸੰਕੇਤਾਂ ਰਾਹੀਂ ਅਮਾਨਵੀ ਘਟਨਾਵਾਂ, ਮਾਨਵੀ ਕਦਰਾਂ-ਕੀਮਤਾਂ ਦੀ ਗਿਰਾਵਟ,

ਸਮਾਜਿਕ/ਰਾਜਨੀਤਕ ਮਾਹੌਲ ਵਿਚਲੀਆਂ ਤਬਦੀਲੀਆਂ ਆਦਿ ਨੂੰ ਅਗਰਭੂਮਿਤ ਕਰਦਾ

ਹੈ।"[4]

ਇਸ ਤਰ੍ਹਾਂ ਆਪਣੀ ਕਵਿਤਾ ਵਿਚ ਪੰਜਾਬ ਤੋਂ ਸੰਬੰਧਿਤ ਕਵਿਤਾਵਾਂ ਨੂੰ **ਮਾਨਵਵਾਦੀ ਦ੍ਰਿਸ਼ਟੀ** ਤੋਂ ਚਿਤਰਦਾ ਹੈ। ਉਹ 1947 **ਵਿਚ ਹੋਈ ਦੇਸ਼ ਵੰਡ ਸਮੇਂ ਹੋਏ ਕਤਲੇਆਮ** ਨੂੰ ਮਾਨਵਤਾ ਦਾ ਘਾਣ ਸਮਝਦਾ ਹੈ। ਪੰਜਾਬ ਸ਼ੁਰੂ ਤੋਂ ਹੀ ਇਸੇ ਤਰ੍ਹਾਂ ਦੀ ਸਿਆਸੀ ਚਾਲਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ। ਅੰਗਰੇਜ਼ਾਂ ਨੇ ਭਾਰਤ ਨੂੰ ਦੋ ਹਿੱਸਿਆਂ (ਭਾਰਤ ਅਤੇ ਪਾਕਿ) ਵਿਚ ਵੰਡ ਕੇ ਜੋ ਸਿਆਸਤ ਖੇਡੀ ਉਸ ਦਾ ਸਭ ਤੋਂ ਵੱਧ ਨੁਕਸਾਨ ਪੰਜਾਬੀਆਂ ਨੂੰ ਹੀ ਹੋਇਆ। ਭਾਵੇਂ ਅਜਿਹੀ ਵੰਡ ਨੂੰ ਕਵੀ ਭੂਗੋਲਿਕ ਤੌਰ ਤੇ ਹੀ ਮੰਨਦਾ ਹੈ। ਉਸ ਅਨੁਸਾਰ ਮਾਨਸਿਕ ਰੂਪ ਵਿਚ ਅਜੇ ਵੀ ਦੋਵੇਂ ਮੁਲਕਾਂ ਦੀ ਜਨਤਾ ਇਕ ਹਨ। ਅਸਲ ਵਿਚ ਇਹ ਵੰਡ ਦੇਸ਼ਾਂ ਵਿਚ ਨਹੀਂ ਬਲਕਿ ਦੋ ਪੰਜਾਬੀ ਭਰਾਵਾਂ ਵਿਚਕਾਰ ਸੀ ਅਤੇ ਅੰਗਰੇਜ਼ਾਂ ਦੀ ਅਜਿਹੀ ਨੀਤੀ ਸਦਾ ਲਈ ਪੰਜਾਬੀਆਂ ਦੇ ਮਨ ਵਿਚ ਨਾਸੂਰ ਵਰਗਾ ਜ਼ਖ਼ਮ ਕਰ ਗਈ। ਸ਼ਾਇਦ ਹੁਣ ਸਮੇਂ ਦੇ ਨਾਲ-ਨਾਲ ਇਹ ਜ਼ਖ਼ਮ ਹੋਰ ਦੁੱਖਦਾਈ ਹੁੰਦਾ ਜਾਵੇਗਾ ਪਰ ਦੇਵ ਵਰਗੇ ਸ਼ਾਇਰ ਆਪਣੀ ਪੰਜਾਬ ਤੋਂ ਸੰਬੰਧਿਤ ਕਵਿਤਾਵਾਂ ਵਿਚ ਅਜੇ ਵੀ ਉਸ ਪੰਜਾਬ ਦੀ ਗੱਲ ਕਰਦੇ ਹਨ ਜੋ ਕਦੇ ਆਜ਼ਾਦੀ ਤੋਂ ਪਹਿਲਾਂ ਭਾਰਤ ਦੇ ਨਕਸ਼ੇ ਵਿਚ ਤਾਜ ਦੇ ਰੂਪ ਵਿਚ ਸ਼ੋਭਦਾ ਸੀ। ਉਸ ਅਨੁਸਾਰ ਭਾਵੇਂ ਸਰਹੱਦਾਂ ਨੇ ਇਸ ਨੂੰ ਤਕਸੀਮ ਕਰ ਦਿੱਤਾ ਹੈ ਪਰ ਪੰਜਾਬੀਆਂ ਦੇ ਦਿਲ ਅਜੇ ਵੀ ਆਪਸ ਵਿਚ ਜੁੜੇ ਹੋਏ ਹਨ ਭਾਵੇਂ ਉਹ ਸਰਹੱਦ ਦੇ ਇਸ ਪਾਰ ਹੋਣ ਜਾਂ ਉਸ ਪਾਰ। ਇਸ ਧਾਰਨਾ ਨੂੰ ਪ੍ਰਗਟਾਉਂਦੀ ਹੋਈ ਕਵੀ ਦੀ '**ਸਿੰਧ ਘਾਟੀ ਦੇ ਮਹਾਂਕੋਸ਼**' ਕਵਿਤਾ ਇੱਥੇ ਪੇਸ਼ ਕੀਤੀ ਜਾ ਸਕਦੀ ਹੈ :

"ਏਧਰ ਤੇ ਓਧਰ ਨੂੰ ਪੰਜਾਬ ਕਹਿੰਦੇ ਨੇ

ਕਦੇ ਸਾਨੂੰ ਤਕਸੀਮ ਕਰਨ ਲਈ "ਬਾਹਰੋਂ" ਆਏ

ਕਦੇ ਘਰੋਂ ਹੀ ਮੱਥਿਆ ਤੇ ਸਿਵਿਆ ਦੀ ਰਾਖ ਲਗਾ ਕੇ

ਅਸੀਂ ਹੋਰਾਂ ਦੀ ਸ਼ਤਰੰਜ ਦਾ ਜ਼ਹਿਰ ਪੀ ਕੇ

ਕੁਝ ਚਿਰ ਲਈ ਏਧਰ ਤੇ ਓਧਰ ਦੇ ਵਿਚਕਾਰ ਵੰਡੇ ਤਾਂ ਗਏ ਹਾਂ

ਪਰ ਤਕਸੀਮ ਨਹੀਂ ਹੋਏ

ਏਧਰ ਤੇ ਓਧਰ ਨੂੰ ਪੰਜਾਬ ਕਹਿੰਦੇ ਨੇ

ਸਿੰਧ ਘਾਟੀ ਦਾ ਮਹਾਂਕੋਸ਼।"[5]

ਇਸੇ ਵੰਡ ਸਦਕਾ ਹੀ ਪੰਜਾਬ ਜੋ ਪੰਜਾਂ ਦਰਿਆਵਾਂ ਦੇ ਨਾਂ ਤੋਂ ਬਣਿਆ ਸੀ ਅੱਜ ਉਸ ਦੇ ਪੱਲੇ ਤਿੰਨ ਦਰਿਆ ਹੀ ਰਹਿ ਗਏ ਹਨ। ਕਵੀ ਆਪਣੀ ਕਵਿਤਾ '**ਮਿਰਜ਼ੇ ਦੇ ਤੀਰ**' ਵਿਚ ਇਸੇ ਵੰਡ ਵੱਲ ਇਸ਼ਾਰਾ ਕਰਦੇ ਹੋਏ ਪਹਿਲਾਂ ਦੇ ਪੰਜਾਬ, ਜਿਸ ਨੂੰ ਇਸ਼ਕ ਦੀ ਧਰਤੀ ਕਿਹਾ ਜਾਂਦਾ ਸੀ ਜਾਂ ਪੰਜਾਂ ਨਦੀਆਂ ਵਾਲਾ ਇਸ਼ਕ ਕਿਹਾ ਜਾਂਦਾ ਸੀ ਅੱਜ ਉੱਥੇ ਇਸ ਵੰਡ ਸਦਕਾ ਅਤੇ ਧਾਰਮਿਕ ਕੱਟੜਤਾ ਸਦਕਾ ਪਿਆਰ ਦੇ ਚਿਰਾਗ ਜਲਾਉਣ ਦੀ

ਥਾਂ ਮਨੁੱਖਤਾ ਦੇ ਸੀਵੇ ਜਲਾਏ ਜਾਂਦੇ ਹਨ। ਇਤਿਹਾਸਕ-ਮਿਥਿਹਾਸਕ ਪਾਤਰ ਮਿਰਜ਼ੇ ਦੇ ਤੀਰ ਸਾਹਿਬਾਂ ਨੇ

ਆਪਣੇ ਭਰਾਵਾਂ ਦੀ ਜਾਨ ਬਚਾਉਣ ਲਈ ਤੋੜੇ ਸਨ ਪਰ ਅੱਜ ਮਨੁੱਖਤਾ ਰੂਪੀ ਮਿਰਜ਼ੇ ਦੇ ਤੀਰ ਧਾਰਮਿਕਤਾ ਦੀ

ਸੰਕੀਰਣ ਸੋਚ ਦੇ ਪ੍ਰਤੀਕ ਸਾਹਿਬਾਂ ਨੇ ਤੋੜੇ ਹਨ ਭਾਵ ਅਜੋਕੇ ਪੰਜਾਬ ਵਿਚ ਪਿਆਰ ਅਤੇ ਸਦਭਾਵਨਾ ਨਾਲ ਭਰਪੂਰ ਸੋਚ ਸਦਾ ਲਈ ਮੌਤ ਦੀ ਨੀਂਦ ਸੌਂ ਗਈ ਹੈ। ਮਿਸਾਲ ਵਜੋਂ ਇਸ ਕਵਿਤਾ ਦੀਆਂ ਇਹ ਕਾਵਿ ਸਤਰਾਂ ਇੱਥੇ ਪ੍ਰਸਤੁਤ ਹਨ :

"ਉਸ ਨੂੰ ਕੀ ਪਤਾ ਸੀ ਪੰਜਾਂ ਨਦੀਆਂ ਵਾਲਾ ਇਸ਼ਕ

ਚੇਤਿਆਂ 'ਚੋਂ ਜਲਾਵਤਨ ਹੋ ਕੇ ਜੰਡ ਥੱਲੇ ਸਦਾ ਦੀ ਨੀਂਦ ਸੌਂ ਜਾਵੇਗਾ।

ਜਿੱਥੇ ਕਦੇ ਹੱਥ ਚਰਾਗ ਜਗਾਉਂਦੇ ਸਨ ਉਹੀ ਹੱਥ ਅੱਜ-ਕਲ੍ਹ ਸਿਵੇ ਜਲਾਉਂਦੇ ਨੇ ਮਿਰਜ਼ੇ ਦੇ ਤੀਰ ਸਾਹਿਬਾਂ ਨੇ ਨਹੀਂ

ਸਾਡੀ ਹੀ ਚਿੱਬ-ਖੜਿੱਬੀ ਸੋਚ ਨੇ ਤੋੜੇ ਨੇ।"[6]

ਇਸੇ ਤਰ੍ਹਾਂ ਕਵੀ '**ਬੇਛਾਵਾਂ ਜੰਡ**' ਕਵਿਤਾ ਵਿਚ ਮਿਰਜ਼ੇ ਨੂੰ ਸੰਬੋਧਨ ਕਰਦੇ ਹੋਏ ਵੰਡ ਸਮੇਂ ਵਾਪਰੇ ਖ਼ੂਨ

ਖ਼ਰਾਬੇ ਪਿੱਛੇ ਆਪਣਿਆਂ ਦਾ ਹੱਥ ਹੀ ਦੱਸਦਾ ਹੈ। ਇਸ ਮਾਹੌਲ ਵਿਚ ਪੰਜਾਬ ਦੀ ਧਰਤ ਉੱਪਰ ਨਾ ਤਾਂ ਇਸ਼ਕ ਵਾਲਾ ਮਾਹੌਲ ਰਿਹਾ ਹੈ ਅਤੇ ਨਾ ਹੀ ਉਹ ਗਿਆਨ ਨੂੰ ਪ੍ਰਾਪਤ ਕਰਨ ਵਾਲੀ ਧਰਤ ਰਹੀ ਹੈ। ਇੱਥੇ ਪਸਰੇ ਅਮਨੁੱਖੀ ਵਰਤਾਰੇ ਨੇ ਸਭ ਦੀ ਹੋਂਦ ਨੂੰ ਅਣਹੋਈ ਹੋਂਦ ਬਣਾ ਕੇ ਰੱਖ ਦਿੱਤਾ ਹੈ। ਕਵੀ ਇਸ ਕਵਿਤਾ ਵਿਚ ਆਪਣੇ ਲੋਕਾਂ ਵਲੋਂ ਹੀ ਕਿਤੇ ਜਾ ਰਹੇ ਆਪਣਿਆਂ ਦੇ ਘਾਣ ਦਾ ਮਾਰਮਿਕ ਚਿੱਤਰ ਇਉਂ ਪੇਸ਼ ਕਰਦਾ ਹੈ :

"ਨਿਪੱਤਰੇ ਜੰਡ ਹੇਠਾਂ ਨਾ ਇਸ਼ਕ ਦੇ ਕਿੱਸੇ ਨਾ ਇਲਮਾਂ ਦੇ ਪਾਣੀ

ਅਣਹੋਈਆਂ ਲਾਸ਼ਾਂ ਦਾ ਕਿਹੜਾ ਦੇਸ਼ ਤੇ ਕਿਹੜਾ ਧਰਮ ਹੁੰਦੈ

ਮਿਰਜ਼ਿਆ ਆਪਣੇ ਘਰਾਂ ਨੂੰ

www.ignited.in

ਅੱਜ ਆਪਣੇ ਹੀ ਜੀਆਂ ਨੇ ਸੋਗੀ ਅੱਗਾਂ ਨਾਲ ਰਾਖ ਦਿੱਤੇ।"7

ਦੇਵ 1947 ਦੀ ਦੇਸ਼ ਵੰਡ ਤੋਂ ਬੇਹੱਦ ਦੁੱਖੀ ਹੈ। ਲਾਹੌਰ ਅਤੇ ਅੰਮ੍ਰਿਤਸਰ ਵਿਚਾਲੇ ਪਈਆਂ ਦੂਰੀਆਂ ਉਸ ਨੂੰ ਰੋਜ਼ ਥੋੜ੍ਹਾ-ਥੋੜ੍ਹਾ ਕਰਕੇ ਮਾਰ ਰਹੀਆਂ ਹਨ। ਇਸ ਦੁਫਾੜ ਸਦਕਾ ਉਹ ਆਪਣੀ ਉਸ ਜਨਮ ਕੁੰਡਲੀ ਨੂੰ ਕੋਸਦਾ ਹੈ ਜਿਸ ਵਿਚ ਅਜਿਹੀ ਕਿਸੀ ਵੀ ਤਰ੍ਹਾਂ ਦੀ ਵੰਡ ਨਹੀਂ ਲਿਖੀ ਹੋਈ ਸੀ। ਇਹ ਵੰਡ ਤਾਂ ਭਾਵੇਂ 1947 ਵਿਚ ਹੋਈ ਸੀ ਪਰ ਉਸ ਤੋਂ ਉਪਜੇ ਜ਼ਖ਼ਮ ਕਵੀ ਨੂੰ ਹਰ ਰੋਜ਼ ਹੀ ਤਕਸੀਮ ਕਰ ਦਿੰਦੇ ਹਨ। ਇਨ੍ਹਾਂ ਵਿਚਾਰਾਂ ਨੂੰ ਕਵੀ ਆਪਣੀ ਕਵਿਤਾ '1947' ਵਿਚ ਇਸ ਤਰ੍ਹਾਂ ਅੰਕਿਤ ਕਰਦਾ ਹੈ :

"ਦੋ ਹਿੱਸਿਆਂ ਵਿਚ ਰਾਂਝਾ ਵੰਡਿਆ

ਵਿਚ ਵਿਚਾਲੇ ਭਰਮ ਦੀ ਰੇਖਾ ਖ਼ੂਨੋ ਖ਼ੂਨ

ਏਥੇ ਨਾ ਪੁਲ, ਨਾ ਬੇੜੀ, ਨਾ ਕਾਸਿਦ ਕਬੂਤਰ

ਭੁਗਤ ਰਹੇ ਹਾਂ ਸੰਨ ਸੰਤਾਲੀ ਦੀ ਕਿੰਨਵੀ ਜੂਨ

ਸਾਡੀ ਨਿਕਰਮੀ ਜਨਮ ਕੁੰਡਲੀ ਵਿਚ ਕਿਤੇ ਵੀ ਦਰਜ਼ ਨਹੀਂ ਇਹ ਸੋਚ ਕੇ ਮੈਂ ਰੋਜ਼ ਰਾਤ ਤਕਸੀਮਿਆਂ ਜਾਂਦਾ ਹਾਂ ਤੇ...ਥੋੜ੍ਹਾ ਥੋੜ੍ਹਾ ਕਰਕੇ

ਲਾਹੌਰ ਤੇ ਅੰਮ੍ਰਿਤਸਰ ਵਿਚ ਮਰ ਜਾਂਦਾ ਹਾਂ।"8

ਇਹੀ ਕਾਰਨ ਹੈ ਕਿ ਕਵੀ ਆਜ਼ਾਦੀ ਦੇ ਜ਼ਸ਼ਨ ਵਿਚ ਭਾਗ ਲੈਣ ਤੋਂ ਇਨਕਾਰੀ ਹੈ ਕਿਉਂਕਿ ਆਜ਼ਾਦੀ ਦਾ ਅਰਥ ਵੰਡ ਨਹੀਂ ਹੁੰਦਾ। ਭਾਵੇਂ ਹੁਣ ਦੋਹਾਂ ਦੇਸ਼ਾਂ ਵਿਚ ਸਰਹੱਦਾਂ ਦੀ ਲਕੀਰ ਖਿੱਚੀ ਜਾ ਚੁੱਕੀ ਹੈ ਪਰੰਤੂ ਜ਼ਮੀਨ ਦੇ ਝਗੜੇ ਭਾਵ ਕਸ਼ਮੀਰ ਮੁੱਦਾ ਦੋਹਾਂ ਧਿਰਾਂ ਵਿਚਾਲੇ ਝਗੜੇ ਦੀ ਅੱਗ ਵਿਚ ਘਿਉ ਪਾਉਣ ਦਾ ਕੰਮ ਕਰ ਰਿਹਾ ਹੈ। ਜੇਕਰ ਅਸੀਂ ਓਧਰ (ਪਾਕਿ) ਦੀ ਧਰਤ ਉੱਪਰ ਵੱਸ ਰਹੇ ਲੋਕਾਂ ਦੀ ਗੱਲ ਕਰੀਏ ਤਾਂ ਇਸ ਲੜਾਈ ਨੂੰ ਉਹ 'ਜਹਾਦ' ਦਾ ਨਾਂ ਦਿੰਦੇ ਹਨ ਪਰ ਇਹ ਕੈਸਾ ਧਰਮ ਯੁੱਧ ਹੈ ਜਿਸ 'ਚ ਇਕੋ ਪਰਿਵਾਰ ਦੇ ਜੀਅ ਇਕ ਦੂਜੇ ਨੂੰ ਮਾਰ ਰਹੇ ਹਨ। ਇਸ ਬਦਲੇ ਦੀ ਅੱਗ ਨੇ ਕਸ਼ਮੀਰ ਵਰਗੇ ਸਵਰਗ ਨੂੰ ਹੀ ਨਰਕ ਦਾ ਰੂਪ ਦੇ ਦਿੱਤਾ ਹੈ। ਭਾਰਤ-ਪਾਕਿ ਦੇ ਹਿੰਦੂ-ਮੁਸਲਮਾਨ ਆਪਣੇ ਦੇਸ਼ ਦੇ ਵਿਕਾਸ ਵੱਲ ਧਿਆਨ ਨਾ ਦੇ ਕੇ ਬਲਕਿ ਇਕ ਦੂਜੇ ਦੀ ਜੜ੍ਹਾਂ ਕੱਟਣ ਵੱਲ ਲੱਗੇ ਹੋਏ ਨੇ। ਇਹ ਸਿਰਫ਼ ਨਿਰਾ ਪਾਗਲਪਨ ਹੈ, ਇਸ ਤੋਂ ਇਲਾਵਾ ਹੋਰ ਕੁਝ ਨਹੀਂ। ਮਿਸਾਲ ਵਜੋਂ ਕਵੀ ਦੀ '**ਅਗਨੀ**' ਕਵਿਤਾ ਇਸੇ ਸੰਦਰਭ ਵਿਚ ਪੇਸ਼ ਕੀਤੀ ਜਾ ਸਕਦੀ ਹੈ :

"ਇਹ ਅਗਨੀ ਹਵਨ ਨਹੀਂ

ਪਿਆਸੀ ਤੇ ਹਾਬੜੀ ਧਾੜ ਦੀ ਹੀਨ ਭਾਵਨਾ ਦਾ ਸਿਵਾ ਮਚ ਰਿਹੈ

ਓਧਰ ਵੀ ਜਹਾਦੀ ਹੱਠ

ਏਧਰ ਵੀ ਨਿਰਾ ਪਾਗਲਪਨ

ਇਕੋ ਪਰਵਾਰ ਦੇ ਹਲਕਾਏ ਜੀਅ

ਕਰੰਗ ਪਿੰਡਿਆ ਤੇ "ਬਦਲੇ" ਦਾ ਜ਼ਰਾਬਕਤਰ ਪਹਿਨ ਕੇਂ

ਜਹੱਨਮ ਤੇ ਨਰਕ ਦੀ ਵਿਆਕਰਣ ਲਿਖ ਰਹੇ ਨੇ

ਇਕ ਦੂਸਰੇ ਵਾਸਤੇ

"ਮਿੱਟੀ" ਦੇ ਝਗੜਿਆਂ ਨੇ ਉਲਝਾ ਲਿਆ

ਸਾਂਝੀ ਰਵਾਇਤ ਦੇ

ਸ਼ੁਕਰਵਾਰਾਂ ਤੇ ਮੰਗਲਵਾਰਾਂ ਨੂੰ।"9

ਦੇਵ ਦੀ ਕਵਿਤਾ 1947 **ਦੀ ਵੰਡ ਵਿਚ ਹੋਏ ਕਤਲੇਆਮ ਨੂੰ ਮਨੁੱਖਤਾ ਦੀ ਹਾਰ** ਵਜੋਂ ਚਿੱਤਰਦੀ ਹੈ। ਭਾਵੇਂ ਉਹ ਪਰਵਾਸ ਨੂੰ ਪਰਵਾਨ ਕਰ ਚੁੱਕਾ ਹੈ ਪਰ ਉਸ ਦੀ ਜੜ੍ਹਾਂ ਅਜੇ ਵੀ ਪੰਜਾਬ ਦੇ ਦਰਦ ਨਾਲ ਜੁੜੀਆਂ ਹੋਈਆਂ ਹਨ। ਇਸੇ ਲਈ '**ਪ੍ਰਸ਼ਨ ਤੇ ਪਰਵਾਜ਼**' ਕਾਵਿ-ਸੰਗ੍ਰਹਿ ਵਿਚ ਉਸ ਨੇ ਵਧੇਰੇ ਕਰਕੇ ਪੰਜਾਬ

ਸਮੱਸਿਆ ਤੋਂ ਸੰਬੰਧਿਤ ਹੀ ਮਸਲੇ ਲਏ ਹਨ ਭਾਵ ਜ਼ਿਆਦਾਤਰ ਕਵਿਤਾਵਾਂ ਪੰਜਾਬ ਸੰਤਾਪ ਨਾਲ ਹੀ ਜੁੜੀਆਂ

ਹੋਈਆਂ ਹਨ। ਇਸੇ ਧਾਰਨਾ ਉੱਪਰ **ਡਾ. ਸੁਤਿੰਦਰ ਸਿੰਘ ਨੂਰ** ਚਾਨਣਾ ਪਾਉਂਦੇ ਹੋਏ ਲਿਖਦੇ ਹਨ ਕਿ :

"ਪੰਜਾਬ ਸਰੋਕਾਰ ਦੀਆਂ ਕਵਿਤਾਵਾਂ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। 'ਪ੍ਰਸ਼ਨ ਤੇ ਪਰਵਾਜ਼'

ਦੀਆਂ ਇਨ੍ਹਾਂ ਕਵਿਤਾਵਾਂ ਵਿਚ ਕੇਵਲ ਪੰਜਾਬ ਤੋਂ ਬਾਹਰ ਬੈਠਿਆਂ ਇਕ ਪ੍ਰਤਿਕਰਮ ਨਹੀਂ,

ਸਗੋਂ ਬਦੇਸ਼ ਵਿਚ ਬੈਠਿਆਂ ਵੀ ਇਕ ਤਿੱਖੀ ਪੀੜਾ ਦਾ ਪ੍ਰਗਟਾਅ, ਤ੍ਰਾਸਦੀ ਦਾ ਅਹਿਸਾਸ, ਵਿਸ਼ਲੇਸ਼ਣ ਤੇ ਉਸ ਨਾਲ ਜੁੜੀ ਦ੍ਰਿਸ਼ਟੀ ਪਾਠਕ ਅੰਦਰ ਵੀ ਇਸ ਸਥਿਤੀ ਬਾਰੇ ਇਕ ਚੇਤਨਾ ਜਗਾਉਂਦੀ ਹੈ।"10

ਇਸ ਤਰ੍ਹਾਂ ਉਹ ਇਸ ਵੰਡ ਵੇਲੇ ਸਹੇ ਪੰਜਾਬੀਆਂ ਦੇ ਦੁੱਖ ਨੂੰ ਆਪਣੀ ਕਵਿਤਾ '**ਖ਼ੂਬਸੂਰਤ ਚਿਹਰੇ**'

ਵਿਚ ਬੇਹਤਰੀਨ ਢੰਗ ਨਾਲ ਬਿਆਨ ਕਰਦਾ ਹੈ। ਪੰਜਾਬੀ ਜੋ ਧਰਮ ਤੋਂ ਉੱਪਰ ਉੱਠ ਕੇ ਸਾਂਝ ਦੀ ਗੱਲ ਕਰਦੇ

ਸੀ। ਇਕ ਸਮਾਂ ਅਜਿਹਾ ਸੀ ਜਿਸ ਵਿਚ ਭਾਵੇਂ ਹਿੰਦੂ ਹੋਵੇ, ਸਿੱਖ ਹੋਵੇ ਜਾਂ ਮੁਸਲਮਾਨ ਹੋਵੇ ਸਾਰੇ ਇਕ ਹੋ ਕੇ ਪੰਜਾਬ ਦੀ ਧਰਤੀ ਉੱਪਰ ਸੁੱਖ ਮਾਣ ਰਹੇ ਸਨ। ਪਰ ਇਸ ਵੰਡ ਸਮੇਂ ਪੈਦਾ ਹੋਏ ਵਿਹਸ਼ੀਪੁਣੇ ਦੇ ਮਾਹੌਲ ਵਿਚ ਲੋਕਾਂ ਨੂੰ ਆਪਣੇ ਨਾਂ ਤੱਕ ਬਦਲ ਕੇ ਆਪਣੀ ਜਾਨ ਬਚਾਉਣੀ ਪਈ। ਜੋ ਵੱਖ-ਵੱਖ ਧਰਮਾਂ ਦੇ ਲੋਕ ਪੰਜਾਬ ਵਿਚ ਇਕੱਠੇ ਰਹਿ ਕੇ ਉਸ ਦੀ ਸ਼ਾਨ ਵੱਧਾਉਂਦੇ ਸਨ, ਅੱਜ ਉਹੀ ਇਕ ਦੂਜੇ ਲਈ ਖ਼ਤਰਾ ਬਣ ਗਏ ਸਨ। ਇਸੇ ਲਈ ਕਵੀ ਪੰਜਾਬ ਨੂੰ ਹੀ ਮੁਖ਼ਾਤਿਬ ਹੋ ਕੇ ਕਹਿੰਦਾ ਹੈ ਕਿ ਅੱਜ ਮੈਂ ਤੈਨੂੰ ਕਿਸ ਖ਼ਾਸੀਅਤ ਕਰਕੇ ਸੰਬੋਧਨ ਕਰਾਂ ਕਿਉਂਕਿ ਧਰਮਾਂ ਦੀ ਬੇਲਗ਼ਾਮ ਵਾਉ ਨੇ ਤੇਰੀ ਨਜ਼ਾਕਤ, ਪਿਆਰ ਨਾਲ ਭਿੱਜੇ ਮਾਹੌਲ ਨੂੰ ਬਦਲ ਕੇ ਰੱਖ ਦਿੱਤਾ ਹੈ। ਮਾਨਵਾਦੀ ਸੋਚ ਹੇਠ ਲਿਖੀ ਕਵਿਤਾ ਵਿਚ ਵੀ ਦੇਖੀ ਜਾ ਸਕਦੀ ਹੈ :

"ਪੰਜਾਬ ਅੰਤਾਂ ਦੇ ਖ਼ੂਬਸੂਰਤ ਚਿਹਰੇ

ਤੇਰੀ ਮਿੱਟੀ ਨੂੰ ਕਿਸ ਲਈ ਸਮਰਪਿਤ ਹੋ ਰਹੇ ਨੇ ਲਿਸਕਦੇ ਪਾਣੀਆਂ ਦੀ ਅਮੀਰੀ ਨਾਲ ਤੂੰ ਲਬਰੇਜ਼ ਤੇਰੀ ਪਿਆਸ ਕਦੋਂ ਮਿਟੇਗੀ

ਨਾਹਰਿਆਂ ਦੀ ਨਕਾਬੀ ਭੀੜ

ਤਪਦਿਕਿਆਂ ਰੌਲਾ

ਪੰਜਾਬ ਤੇਰਾ ਇਕ ਨਹੀਂ, ਕਈ ਨਾਂ ਹਾਂ ਅਸੀਂ

ਬਦਲੇਖੋਰੀ ਜਿੱਦ ਹੇਠ

ਕਿਸ ਤਰ੍ਹਾਂ ਦਾ ਅਨੁਵਾਦ ਹੋ ਰਿਹੈ

ਕੁਝ ਨਾਂ ਬਦਲ ਰਹੇ ਨੇ

ਕੁਝ ਆਪਣੀ ਥਾਂ

www.ignited.in

ਤੈਨੂੰ ਹੁਣ ਮੈਂ ਕਿਵੇਂ ਮਿਲਾਂ ਤੇ ਮੁਖ਼ਾਤਿਬ ਹੋਵਾਂ

ਜੋ ਨਕਸ਼ ਸਜਦਾ ਹੁੰਦੇ ਸਨ

ਅੱਜ ਉਹ ਹੀ ਸਾਡੀ ਸਜ਼ਾਂ ਬਣ ਗਏ ਨੇ

ਪੰਜਾਬ ਹੁਣ ਤੂੰ ਹੀ ਦੱਸ

ਮੈਂ ਤੈਨੂੰ ਕਿਸ ਦਿੱਖ ਤੇ ਨਾਂ ਨਾਲ ਸਿਜਦਾ ਕਰਾਂ।”11

ਪੰਜਾਬ ਦੇ ਵਾਸੀਆਂ ਨੂੰ ਨਾ ਕੇਵਲ ਦੇਸ਼ ਦੀ ਆਜ਼ਾਦੀ ਸਮੇਂ ਜਾਨ ਤੇ ਮਾਲ ਦਾ ਨੁਕਸਾਨ ਹੋਇਆ

ਬਲਕਿ 1984 **ਵਿਚ ਹੋਏ ਦੰਗਿਆਂ** ਸਦਕਾ ਵੀ ਬਹੁਤ ਅਤਿਆਚਾਰ ਇਸ ਕੌਮ ਨੂੰ ਸਹਿਣੇ ਪਏ। ਇਸ ਦਾ

ਸਭ ਪ੍ਰਗਟਾ ਦੇਵ ਸੱਤ ਸਮੁੰਦਰ ਦੂਰ ਬੈਠ ਕੇ ਵੀ ਬੜੀ ਬਾਰੀਕੀ ਨਾਲ ਕਰਦਾ ਹੈ। ਅਜਿਹਾ ਇਸ ਲਈ ਹੈ ਕਿ ਉਹ ਪਰਵਾਸੀ ਬਣਨ ਤੋਂ ਮਗਰੋਂ ਵੀ ਆਪਣੀ ਧਰਤ ਨਾਲ ਜੁੜਿਆ ਹੋਇਆ ਹੈ। ਇਸ ਸੰਬੰਧੀ **ਡਾ. ਜਸਪਾਲ ਕੌਰ** ਲਿਖਦੀ ਹੈ ਕਿ :

“ਉਸ ਲਈ ਪਰਵਾਸ ਹੰਢਾਉਣਾ ਕੋਈ ਜਲਾਵਤਨੀ ਜਾਂ ਝੂਹੇਰਵਾ ਨਹੀਂ ਸਗੋਂ ਉਹ ਇਨ੍ਹਾਂ ਨਾਲ ਚੇਤੰਨ ਪੱਧਰ ਤੇ ਜੁੜਿਆ ਰਹਿੰਦਾ ਹੈ। ਇਸੇ ਕਾਰਨ ਉਹ ਇੱਥੇ ਵਾਪਰਨ ਵਾਲੀ ਹਰ ਤਬਦੀਲੀ ਨੂੰ ਉੱਥੇ ਬੈਠਿਆਂ ਵੀ ਬੜੇ ਸਹਿਜ ਤੇ ਗਹਿਰ ਗੰਭੀਰਤਾ ਨਾਲ ਮਹਿਸੂਸਦਾ ਹੈ।”12

ਇਸ ਤਰ੍ਹਾਂ ਦੇਵ ਆਪਣੀਆਂ ਕਵਿਤਾਵਾਂ ਵਿਚ ਸਿੱਧਾ ਪੰਜਾਬ ਨੂੰ ਹੀ ਸੰਬੋਧਨ ਕਰਦੇ ਹੋਏ ਪੁੱਛਦਾ ਹੈ ਕਿ

1947 ਦੇ ਵਿਚ ਹੋਏ ਕਤਲੇਆਮ ਦਾ ਸੁਪਨਾ ਜਾਂ ਦ੍ਰਿਸ਼ ਉਹ ਆਪਣੀ ਧਰਤੀ ਉੱਪਰ ਕਿਉਂ ਬਾਰ-ਬਾਰ (1984) ਦੁਹਰਾ ਰਿਹਾ ਹੈ। ਇਸ ਤਰ੍ਹਾਂ 1984 ਦੇ ਵਿਚ ਹੋਏ ਪੰਜਾਬੀ ਦੇ ਸਵੈ-ਮਾਨ ਅਤੇ ਹੋਂਦ ਉੱਪਰ ਹੋਏ ਹਮਲੇ ਨੂੰ ਕਵੀ ਬੜੇ ਹੀ ਮਾਰਮਿਕ ਅਤੇ ਚਿੰਤਨਸ਼ੀਲ ਢੰਗ ਨਾਲ ਬਿਆਨ ਕਰਦਾ ਹੈ। ਭਾਵੇਂ ਉਹ ਪਰਵਾਸ ਵਿਚ ਬੈਠਾ ਹੈ ਪਰ ਉਸ ਸਮੇਂ ਪੰਜਾਬੀਆਂ ਦੇ ਘਰਾਂ ਦਾ ਮਾਹੌਲ ਅਤੇ ਉੱਥੋ ਦੀ ਸਿਆਸਤ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਉਪਰੋਕਤ ਧਾਰਨਾ ਨੂੰ ਪ੍ਰੋੜਤਾ ਦੇਣ ਲਈ ਅਸੀਂ ਉਸ ਦੀ ਕਵਿਤਾ ‘**ਦੁਰ-ਸੁਪਨਾ**’ ਦੀਆਂ ਇਹ ਕਾਵਿ-ਸਤਰਾਂ ਇੱਥੇ ਪ੍ਰਸਤੁਤ ਕਰ ਸਕਦੇ ਹਾਂ ਜੋ ਮਾਨਵਵਾਦ ਦੀ ਉੱਤਮ ਮਿਸਾਲ ਹੈ :

“ਤੈਨੂੰ ਬਾਰ-ਬਾਰ 1947 ਦਾ ਦੁਰ-ਸੁਪਨਾ ਕਿਉਂ ਆ ਰਿਹੈ?

ਪੰਜਾਬ : ਮੈਂ ਤੈਨੂੰ ਅੱਧ-ਪਚੱਧੀ ਅਰਦਾਸ ਨਾਲ ਕਿਵੇਂ ਮੁਖ਼ਾਤਿਬ ਹੋਵਾਂ

ਤਕਸੀਮ ਤੇ ਹਸਦ ਨਾਲ ਜੋ

ਥਾਂ-ਥਾਂ ਤੋਂ ਅੰਤਾਂ ਦੀ ਜ਼ਖ਼ਮੀ ਹੋ ਚੁੱਕੀ ਏ

ਜੇ ਆਪਣੇ ਗੁਰੂਆਂ ਨੇ “ਅੱਜ” ਚੁੱਪ ਨਾ ਤੋੜੀ

– – – – – – – – – – – – – ਪਰਵਾਸੀ ਆਵਾਜ਼ਾਂ ਅੰਦਰ ਮੈਂ ਮੋਨ ਹਾਂ ਸ਼ਬਦ ਬੇਬਸ ਨੇ

ਜੀਅ ਆਇਆਂ ਦੀ ਨਹੀਂ ਕੋਈ ਬਦਸ਼ਗਨੀ ਦਸਤਕ ਏ

ਅੱਜ ਸਾਡੇ ਦਰਾਂ ਤੇ

ਸਹਿਮੇ ਬੱਚੇ ਤੱਕ ਰਹੇ ਨੇ ਝੀਥਾਂ ਚੋਂ

ਬਰਛੇ

ਵਰਦੀਆਂ

– – – – – – – – – – ਤੈਨੂੰ ਸਾਡੀ ਉਮਰ ਵੀ ਲੱਗੇ ਅਸੀਂ ਜੋ ਜਿਥੇ ਕਿਤੇ ਵੀ ਹਾਂ

ਭੁੱਲਣ ਨਾ ਦੇ ਸਾਨੂੰ ਆਪਣਾ ਨਾਂ।”13

ਇਸ ਤਰ੍ਹਾਂ ਦੇਵ ਦੀ ਕਵਿਤਾ ਦੀ ਕਾਵਿ ਸੰਵੇਦਨਾ ਵਿਚ ਪੰਜਾਬ ਸੰਤਾਪ ਮਾਨਵਵਾਦੀ ਦ੍ਰਿਸ਼ਟੀ ਨਾਲ ਉਸ ਦੇ ਆਰ-ਪਾਰ ਫੈਲਿਆ ਹੋਇਆ ਹੈ। ਪਰਵਾਸ ਦੌਰਾਨ ਵੀ ਉਹ ਆਪਣੀ ਮੂਲ ਧਰਤ ਪੰਜਾਬ ਨੂੰ ਨਹੀਂ ਵਿਸਾਰਦਾ ਬਲਕਿ ਉੱਥੇ ਵੀ ਇਸ ਨੂੰ ਆਪਣੀ ਕਲਮ ਰਾਹੀਂ ਉਹ ਉਸ ਦੀ ਚੀਸਾਂ ਦੀ ਜ਼ੁਬਾਨ ਬਣਦਾ ਹੈ। ਇਸੇ ਤਰ੍ਹਾਂ ਕਵੀ ਆਜ਼ਾਦੀ ਤੋਂ ਮਗਰੋਂ 1947 ਅਤੇ 1984 ਦੋਵਾਂ ਜ਼ਖ਼ਮੀ ਵਰ੍ਹਿਆਂ ਨੂੰ ਆਪਣੀ ਕਵਿਤਾ ‘**ਮੈਨੂੰ ਦੱਸਣਾ**’ ਵਿਚ ਬਿਆਨ ਕਰਦਾ ਹੈ। ਇਸ ਕਵਿਤਾ ਵਿਚ ਕਵੀ ਪੰਜਾਬ ਦੇ ਸਭ ਤੋਂ ਦੁੱਖਦਾਈ ਸਾਲਾਂ 1947 ਅਤੇ 1984 ਦੀ ਗੱਲ ਕਰਦਾ ਹੈ, ਜਿਸ ਵਿਚ ਪੰਜਾਂ ਦਰਿਆਵਾਂ ਦੇ ਪਾਣੀਆਂ ਦੇ ਬਹਾਵ ਨੂੰ ਉਹ ਦੁੱਖਾਂ ਵਿਚ ਬਹਿੰਦੇ ਦਰਸਾਉਂਦਾ ਹੈ। ਮਿਸਾਲ ਵਜੋਂ ਇਸ ਕਵਿਤਾ ਦੀਆਂ ਇਹ ਸਤਰਾਂ ਪ੍ਰਸਤੁਤ ਹਨ :

“ਕਿੰਨੇ ਖ਼ੂਬਸੂਰਤ ਨਾਂ ਨੇ

ਸਤਲੁਜ ਜੇਹਲਮ ਚੇਨਾਬ ਰਾਵੀ ਤੇ ਬਿਆਸ

ਕਿੰਨੇ ਜ਼ਖ਼ਮੀ ਸਾਲ ਨੇ

1947

1984

1947

ਕਿੰਨੇ ਖ਼ੂਬਸੂਰਤ ਪਾਣੀ ਨੇ

ਦੁੱਖਾਂ ’ਚ ਤਰਦੇ : ਦਿਨ ਰਾਤ ਮਰਦੇ ਸੁਕਦੇ ਵਗਦੇ

ਤੇ ਮੁੜ ਬੂੰਦ ਬੂੰਦ ਜਾਗਦੇ

– – – – – – – – –

ਕਿੰਨੇ ਖ਼ੂਬਸੂਰਤ ਨਾਂ ਨੇ ਮੁਹੱਬਤ ਦੇ ਜ਼ਖ਼ਮੀ ਤੇ ਉਦਾਸ।”14

ਕਵੀ ਅਨੁਸਾਰ ਦੇਸ਼ ਵੰਡ ਸਮੇਂ ਹੋਏ ਪੰਜਾਬੀਆਂ ਦੇ ਘਰਾਂ ’ਤੇ ਹਮਲਿਆਂ ਤੋਂ ਸ਼ਾਇਦ ਅਜੇ ਸਿਆਸਤ ਦਾਨੀਆਂ ਦਾ ਮਨ ਨਹੀਂ ਸੀ ਭਰਿਆ ਕਿ 1984 ਵਿਚ ਫਿਰ ਪੰਜਾਬੀਆਂ ਨੂੰ ਜੜ੍ਹੋਂ ਮੁਕਾਵਣ ਲਈ ਸਾਰੀਆਂ ਮਾਨਵਵਾਦੀਆਂ ਹੱਦਾਂ ਨੂੰ ਉਹ ਪਾਰ ਕਰ ਜਾਂਦੇ ਨੇ। ਉਹ ਆਪਣੇ ਸਟੇਜੀ ਬੋਲਾਂ, ਭਾਸ਼ਣਾਂ ਅਤੇ ਨਾਟਕੀ ਅਦਾਵਾਂ ਨਾਲ ਦੇਸ਼ ਦੀ ਜਨਤਾ ਨੂੰ ਭੜਕਾਉਣ ਲਈ ਇਕ ਅਜਿਹਾ ਮਾਹੌਲ ਤਿਆਰ ਕਰਦੇ ਹਨ ਕਿ ਕਿਸੇ ਵੀ ਪਾਸੋਂ ਭਾਰਤ ਵਿਚ ਪੰਜਾਬੀਆਂ ਦੀ ਰਹਿੰਦ ਖੁਹਿੰਦ ਵੀ ਨਾ ਬਚ ਜਾਵੇ। ਕਵੀ ਉਸ ਸਮੇਂ ਦੇ ਅਮਨੁੱਖੀ ਕਾਰਜ ਬਾਰੇ ਕਹਿੰਦਾ ਹੈ ਕਿ ਜਿਸ ਵਕਤ ਅਜਿਹਾ ਮੌਤ ਦਾ ਨੰਗਾ ਨਾਚ ਸੜਕਾਂ ਉੱਪਰ ਖੇਡਿਆ ਜਾ ਰਿਹਾ ਸੀ, ਉਸ ਵਕਤ ਸਾਡੀ ਧਾਰਮਿਕ ਸਿੱਖਿਆ ਅਤੇ ਤਹਿਜ਼ੀਬ ਕਿੱਥੇ ਗੁਆਚ ਗਈ ਸੀ। ਇਸ ਲਈ ਕਵੀ ਨੂੰ ਅਜਿਹੇ ਲੋਕਾਂ ਦੀ ਆਜ਼ਾਦੀ ਤੋਂ ਕੋਈ ਵੀ ਵਾਸਤਾ ਨਹੀਂ ਹੈ। ਇਸੇ ਘਟੀਆ ਮਾਨਸਿਕਤਾ ਵਾਲੇ ਲੋਕਾਂ ਦੀ ਆਜ਼ਾਦੀ ਦੇ ਜ਼ਸ਼ਨ ਵਿਚ ਉਹ ਸ਼ਾਮਿਲ ਹੋਣ ਤੋਂ ਮੁਨਕਰ ਹੈ। ਇਸ ਧਾਰਨਾ ਉਹ ਆਪਣੀ ਕਵਿਤਾ ‘–**ਸਰਹੱਦ ÷ ਤਕਸੀਮ ਤੇ ਕਾਤਲਾਂ ਦੇ ਸੋਗੀ ਹੇਰਵੇ**’ ਵਿਚ ਇਉਂ ਪੇਸ਼ ਕਰਦਾ ਹੈ :

“1/2 ਸਦੀ 1947

ਕੁਝ ਇੱਲਤਾਂ ਬਚਾ ਕੇ ਰਖ ਲਈਆਂ

www.ignited.in

1984 ਤਕ ਪਹੁੰਚਣ ਲਈ

ਪਹਿਲਾਂ ਤੇਜ਼ ਧਾਰ ਛੁਰੀ ਚਲਦੀ ਹੈ

ਫਿਰ ਸਟੇਜੀ ਬੋਲਾਂ, ਭਾਸ਼ਣਾਂ ਨਾਟਕੀ ਅਦਾਵਾਂ ਨਾਲ ਸਿਆਸਤ ਸ਼ਤਰੰਜ ਖੇਡਦੀ ਹੈ

- - - - - - - - - - -

ਕਿਥੇ ਸੀ ਗੀਤਾ

ਕਿਥੇ ਗੁਆਚ ਗਿਆ ਸੀ ਕੁਰਾਨ ਤੇ ਗ੍ਰੰਥ ਉਸ ਨੂੰ ਤਾਂ ਤੁਸੀਂ ਅਸੀਂ ਰੁਮਾਲਿਆਂ 'ਚੋਂ ਲਪੇਟ

ਅਰਥਾਂ ਤੋਂ ਅਨਰਥ ਕਰ

ਅਰਦਾਸ ਤੋਂ ਸਦਾ ਸਦਾ ਲਈ ਜਲਾਵਤਨ ਕਰ ਦਿੱਤਾ

- - - - - - - - - - - - - - - - - ਇਹ ਆਜ਼ਾਦੀ ਨਹੀਂ ਫਿਰ ਕੋਈ ਨਵੀਂ ਚਾਲ ਹੈ ਮੈਨੂੰ ਅੁੰਨੀ ਹੋ ਚੁੱਕੀ "ਆਜ਼ਾਦੀ" ਦੇ ਨਾਂ ਤੇ

ਆਪਣੇ ਜਸ਼ਨਾਂ ਅੰਦਰ ਕਤੱਈ ਕਤੱਈ ਸ਼ਾਮਲ ਨਾ ਕਰਨਾ।"[15]

ਉਪਰੋਕਤ ਸਮੁੱਚੀ ਵਿਚਾਰ ਚਰਚਾ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਦੇਵ ਦੀ ਕਵਿਤਾ ਵਿਚਲੀ

ਸੰਵੇਦਨਾ ਮਾਨਵਵਾਦ ਨਾਲ ਓਤ-ਪ੍ਰੋਤ ਹੈ। ਉਹ ਭਾਵੇਂ ਗੱਲ ਪਰਵਾਸ ਦੀ ਹੋਵੇ, 1984 ਦੇ ਵਿਚ ਹੋਈ ਮਾਰ-ਕਾਟ ਦੀ ਜਾਂ ਪੰਜਾਬੀਆਂ ਨਾਲ ਹੋ ਰਹੇ ਵਿਅਤਕਰੇ ਦੀ ਦੇਵ ਇਸ ਨੂੰ ਨਿੱਜਤਾ ਤੋਂ ਅਗਾਂਹ ਲੰਘ ਕੇ ਮਾਨਵਵਾਦੀ ਦ੍ਰਿਸ਼ਟੀ ਤੋਂ ਲਿਖਦਾ ਹੈ।

### ਹਵਾਲੇ ਅਤੇ ਟਿੱਪਣੀਆਂ

1. ਦੇਵ, **ਹੁਣ ਤੋਂ ਪਹਿਲਾਂ ਸਮੁੱਚੀ ਕਵਿਤਾ**, ਪੰਨਾ 603.

2. **ਉਹੀ**, ਪੰਨਾ 411.

3. ਜਸਵਿੰਦਰ ਸਿੰਘ (ਡਾ.), **ਨਵੀਂ ਪੰਜਾਬੀ ਕਵਿਤਾ : ਪਛਾਣ ਚਿੰਨ੍ਹ**, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2000, ਪੰਨਾ 31-32.

4. ਸੁਤਿੰਦਰ ਸਿੰਘ ਨੂਰ (ਡਾ.), ਰਘਬੀਰ ਸਿੰਘ (ਡਾ.) (ਸੰਪਾ.), **ਦੇਵ ਕਲਾ ਤੇ ਕਾਵਿ**, ਪੰਨਾ 98.

5. ਦੇਵ, **ਹੁਣ ਤੋਂ ਪਹਿਲਾਂ ਸਮੁੱਚੀ ਕਵਿਤਾ**, ਪੰਨਾ 208.

6. **ਉਹੀ**, ਪੰਨਾ 283.

7. **ਉਹੀ**, ਪੰਨਾ 286.

8. **ਉਹੀ**, ਪੰਨਾ 513.

9. **ਉਹੀ**, ਪੰਨਾ 212.

10. ਸੁਤਿੰਦਰ ਸਿੰਘ ਨੂਰ (ਡਾ.), ਰਘਬੀਰ ਸਿੰਘ (ਡਾ.) (ਸੰਪਾ.), **ਦੇਵ ਕਲਾ ਤੇ ਕਾਵਿ**, ਪੰਨਾ 13.

11. ਦੇਵ, **ਹੁਣ ਤੋਂ ਪਹਿਲਾਂ ਸਮੁੱਚੀ ਕਵਿਤਾ**, ਪੰਨਾ 271.

12. ਸੁਤਿੰਦਰ ਸਿੰਘ ਨੂਰ (ਡਾ.), ਰਘਬੀਰ ਸਿੰਘ (ਡਾ.) (ਸੰਪਾ.), **ਦੇਵ ਕਲਾ ਤੇ ਕਾਵਿ**, ਪੰਨਾ 105.

13. ਦੇਵ, **ਹੁਣ ਤੋਂ ਪਹਿਲਾਂ ਸਮੁੱਚੀ ਕਵਿਤਾ**, ਪੰਨਾ 278-279.

14. **ਉਹੀ**, ਪੰਨਾ 233-234.

15. **ਉਹੀ**, ਪੰਨਾ 203-204.

---

**Corresponding Author**

**Jagjeet Kaur***

Research Scholar, OPJS University, Churu, Rajasthan, India

www.ignited.in